# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 24 ਫਰਵਰੀ 2026 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗ਼ਜ਼ਲ ਮੰਚ ਸਰੀ ਵੱਲੋਂ 'ਅੰਤਰਰਾਸ਼ਟਰੀ ਮਾਂ ਬੋਲੀ ਦਿਵਸ' ਨੂੰ ਸਮਰਪਿਤ ਵਿਸ਼ੇਸ਼ ਇਕੱਤਰਤਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 24 ਫਰਵਰੀ : 'ਗ਼ਜ਼ਲ ਮੰਚ ਸਰੀ' ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦੇ ਮੌਕੇ 'ਤੇ ਇੱਕ ਪ੍ਰਭਾਵਸ਼ਾਲੀ ਮੀਟਿੰਗ ਕੀਤੀ, ਜਿਸ ਵਿੱਚ ਮਾਂ ਬੋਲੀ ਦੀ ਅਹਿਮੀਅਤ, ਇਤਿਹਾਸਕ ਪ੍ਰਸੰਗ ਅਤੇ ਅਜੋਕੇ ਦੌਰ ਦੀਆਂ ਚੁਣੌਤੀਆਂ 'ਤੇ ਗੰਭੀਰ ਵਿਚਾਰ-ਚਰਚਾ ਕੀਤੀ ਗਈ। ਇਸ ਵਿਸ਼ੇਸ਼ਮੀਟਿੰਗ ਦੌਰਾਨ ਸਾਹਿਤਕਾਰਾਂ ਨੇ ਪੰਜਾਬੀ ਭਾਸ਼ਾ ਦੇ ਵਿਸ਼ਵਵਿਆਪੀ ਪਸਾਰ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਮੀਟਿੰਗ ਦੀ ਸ਼ੁਰੂਆਤ ਕਰਦਿਆਂ ਪ੍ਰਸਿੱਧ ਸ਼ਾਇਰ ਇੰਦਰਜੀਤ ਧਾਮੀ ਨੇ ਭਾਸ਼ਾ ਦੇ ਗਤੀਸ਼ੀਲ ਸਰੂਪ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਭਾਸ਼ਾ ਕੋਈ ਖੜੋਤ ਵਾਲੀ ਵਸਤੂ ਨਹੀਂ ਸਗੋਂ ਇਹ ਵਗਦੇ ਦਰਿਆ ਵਾਂਗ ਹੈ ਜੋ ਸਮੇਂ ਦੇ ਨਾਲ ਨਵੇਂ ਸ਼ਬਦਾਂ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਰਹਿੰਦੀ ਹੈ। ਉਨ੍ਹਾਂ ਇਤਿਹਾਸਕ ਹਵਾਲਾ ਦਿੰਦਿਆਂ ਕਿਹਾ ਕਿ ਮੁਗਲਾਂ ਦੇ ਹਜ਼ਾਰ ਸਾਲ ਦੇ ਰਾਜ ਕਾਲ ਅਤੇ ਅੰਗਰੇਜ਼ੀ ਹਕੂਮਤ ਦੌਰਾਨ ਪੰਜਾਬੀ ਨੂੰ ਖਤਮ ਕਰਨ ਦੇ ਅਨੇਕਾਂ ਯਤਨ ਹੋਏ ਪਰ ਇਹ ਬੋਲੀ ਆਪਣੀ ਅਮੀਰ ਵਿਰਾਸਤ ਸਦਕਾ ਅੱਜ ਦੁਨੀਆਂ ਦੇ ਕੋਨੇ-ਕੋਨੇ ਵਿੱਚ ਗੂੰਜ ਰਹੀ ਹੈ। ਅੱਜ 18 ਕਰੋੜ ਤੋਂ ਵੱਧ ਲੋਕਾਂ ਦਾ ਪੰਜਾਬੀ ਬੋਲਣਾ ਇਸ ਦੀ ਅਜਿੱਤ ਸ਼ਕਤੀ ਦਾ ਪ੍ਰਤੀਕ ਹੈ।




ਸ਼ਾਇਰ ਰਾਜਵੰਤ ਰਾਜ ਨੇ ਮਾਂ ਬੋਲੀ ਨੂੰ 'ਮਿੱਟੀ ਦੀ ਭਾਸ਼ਾ' ਵਜੋਂ ਪਰਿਭਾਸ਼ਿਤ ਕੀਤਾ। ਉਨ੍ਹਾਂ ਇੱਕ ਬਹੁਤ ਹੀ ਢੁਕਵੀਂ ਮਿਸਾਲ ਦਿੰਦਿਆਂ ਕਿਹਾ ਕਿ ਜਿਵੇਂ ਪੰਜਾਬ ਵਿੱਚ ਆਏ ਗੈਰ-ਪੰਜਾਬੀ ਮਜ਼ਦੂਰਾਂ ਦੇ ਬੱਚੇ ਉੱਥੋਂ ਦੇ ਵਾਤਾਵਰਣ ਵਿੱਚ ਰਚ-ਮਿਚ ਕੇ ਪੰਜਾਬੀ ਬੋਲਣ ਲੱਗ ਪੈਂਦੇ ਹਨ, ਉਸੇ ਤਰ੍ਹਾਂ ਕੈਨੇਡਾ ਵਿੱਚ ਪੰਜਾਬੀ ਪਰਿਵਾਰਾਂ ਦੇ ਬੱਚਿਆਂ ਦਾ ਅੰਗਰੇਜ਼ੀ ਨਾਲ ਜੁੜਨਾ ਸੁਭਾਵਿਕ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਸਾਨੂੰ ਵਾਤਾਵਰਣ ਅਨੁਸਾਰ ਭਾਸ਼ਾਈ ਤਬਦੀਲੀਆਂ ਨੂੰ ਸਮਝਣਾ ਪਵੇਗਾ।

ਦਵਿੰਦਰ ਗੌਤਮ ਨੇ ਭਾਸ਼ਾ ਨੂੰ ਮਨੁੱਖੀ ਜੀਵਨ ਦਾ ਅਟੁੱਟ ਅੰਗ ਦੱਸਦਿਆਂ ਕਿਹਾ ਕਿ ਮਾਂ ਬੋਲੀ ਸਾਡੀ ਰੂਹ ਦੀ ਧੜਕਣ ਹੈ। ਸਾਨੂੰ ਆਪਣੀ ਮਾਂ ਬੋਲੀ ਦਾ ਸਤਿਕਾਰ ਸਿਰਫ਼ ਦਿਖਾਵੇ ਲਈ ਨਹੀਂ, ਸਗੋਂ ਇਸ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਇਮਾਨਦਾਰੀ ਨਾਲ ਕਰਨਾ ਚਾਹੀਦਾ ਹੈ। ਇਸੇ ਵਿਚਾਰ ਨੂੰ ਅੱਗੇ ਤੋਰਦਿਆਂ ਹਰਦਮ ਮਾਨ ਨੇ ਕਿਹਾ ਮਨੁੱਖ ਆਪਣੇ ਜਜ਼ਬਾਤਾਂ, ਦੁੱਖਾਂ ਅਤੇ ਸੁੱਖਾਂ ਦਾ ਸਭ ਤੋਂ ਪ੍ਰਭਾਵਸ਼ਾਲੀ ਤੇ ਸਪੱਸ਼ਟ ਪ੍ਰਗਟਾਵਾ ਕੇਵਲ ਆਪਣੀ ਮਾਂ ਬੋਲੀ ਵਿੱਚ ਹੀ ਕਰ ਸਕਦਾ ਹੈ। ਕੋਈ ਵੀ ਹੋਰ ਭਾਸ਼ਾ ਉਹ ਨਿੱਘ ਨਹੀਂ ਦੇ ਸਕਦੀ ਜੋ ਮਾਂ ਬੋਲੀ ਦੇ ਸ਼ਬਦਾਂ ਵਿੱਚ ਹੁੰਦਾ ਹੈ।

ਅੰਗਰੇਜ਼ ਬਰਾੜ ਨੇ ਇੱਕ ਅਹਿਮ ਪੱਖ ਰੱਖਦਿਆਂ ਕਿਹਾ ਕਿ ਕੈਨੇਡਾ ਵਰਗੇ ਮੁਲਕ ਵਿੱਚ ਪੰਜਾਬੀ ਹੁਣ ਸਿਰਫ਼ ਘਰਾਂ ਦੀ ਬੋਲੀ ਨਹੀਂ ਰਹੀ ਸਗੋਂ ਇਹ ਰੁਜ਼ਗਾਰ ਦੀ ਭਾਸ਼ਾ ਬਣ ਚੁੱਕੀ ਹੈ। ਉਸ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀ ਬੋਲੀ ਦਾ ਵਿਕਾਸ ਅਤੇ ਪਸਾਰ ਜਾਰੀ ਰਹੇ ਤਾਂ ਬੱਚਿਆਂ ਨੂੰ ਪੰਜਾਬੀ ਨਾਲ ਜੋੜਨਾ ਲਾਜ਼ਮੀ ਹੈ।

ਸ਼ਾਇਰ ਜਸਵਿੰਦਰ ਨੇ ਕਿਹਾ ਕਿ ਮਾਂ ਬੋਲੀ ਸਿਰਫ਼ ਸੰਚਾਰ ਦਾ ਸਾਧਨ ਨਹੀਂ ਸਗੋਂ ਸਾਡੀ ਸੱਭਿਆਚਾਰਕ ਹੋਂਦ ਦੀ ਪਛਾਣ ਹੈ। ਉਸ ਅਨੁਸਾਰ ਜੇਕਰ ਅਸੀਂ ਆਪਣੀ ਸ਼ਾਇਰੀ ਅਤੇ ਸਾਹਿਤ ਰਾਹੀਂ ਨਵੀਂ ਪੀੜ੍ਹੀ ਨੂੰ ਉੱਚ-ਪਾਏ ਦਾ ਪੰਜਾਬੀ ਅਦਬ ਪ੍ਰਦਾਨ ਕਰਾਂਗੇ ਤਾਂ ਹੀ ਉਹ ਆਪਣੀ ਵਿਰਾਸਤ ਨਾਲ ਮਾਣ ਨਾਲ ਜੁੜ ਸਕਣਗੇ। ਦਸ਼ਮੇਸ਼ ਗਿੱਲ ਫਿਰੋਜ਼ ਨੇ ਪੰਜਾਬੀ ਭਾਸ਼ਾ ਦੇ ਲਚੀਲੇਪਣ ਅਤੇ ਇਸ ਦੇ ਵਿਸ਼ਵ-ਵਿਆਪੀ ਪ੍ਰਭਾਵ ਬਾਰੇ ਗੱਲ ਕੀਤੀ। ਉਸ ਨੇ ਕਿਹਾ ਕਿ ਪੰਜਾਬੀ ਇੱਕ ਅਜਿਹੀ ਬੋਲੀ ਹੈ ਜਿਸ ਨੇ ਹਰ ਮਾਹੌਲ ਵਿੱਚ ਆਪਣੀ ਜਗ੍ਹਾ ਬਣਾਈ ਹੈ। ਕੈਨੇਡਾ ਵਰਗੇ ਮੁਲਕ ਵਿੱਚ ਪੰਜਾਬੀ ਦਾ ਵਧਦਾ ਪ੍ਰਭਾਵ ਸਾਡੇ ਲਈ ਮਾਣ ਵਾਲੀ ਗੱਲ ਹੈ ਪਰ ਇਸ ਦੇ ਸ਼ੁੱਧ ਸਰੂਪ ਨੂੰ ਸੰਭਾਲਣਾ ਵੀ ਸਾਡੀ ਹੀ ਜ਼ਿੰਮੇਵਾਰੀ ਹੈ।

ਸੁਖਜੀਤ ਹੁੰਦਲ ਨੇ ਮਾਂ ਬੋਲੀ ਦੇ ਮਨੋਵਿਗਿਆਨਕ ਪੱਖ 'ਤੇ ਜ਼ੋਰ ਦਿੱਤਾ। ਉਸ ਦਾ ਵਿਚਾਰ ਸੀ ਕਿ ਮਾਂ ਬੋਲੀ ਬੱਚੇ ਦੇ ਮਾਨਸਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਸ ਨੇ ਕਿਹਾ ਸਾਹਿਤਕ ਸੰਸਥਾਵਾਂ ਨੂੰ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ ਜਿਸ ਨਾਲ ਨੌਜਵਾਨਾਂ ਵਿੱਚ ਪੰਜਾਬੀ ਪੜ੍ਹਨ ਅਤੇ ਲਿਖਣ ਦੀ ਰੁਚੀ ਹੋਰ ਪ੍ਰਬਲ ਹੋਵੇ। ਸਮਾਗਮ ਦੌਰਾਨ ਅਭਿਸ਼ੇਕ ਨੇ ਆਪਣੇ ਸੁਰੀਲੇ ਗੀਤਾਂ ਰਾਹੀਂ ਪੰਜਾਬੀ ਮਾਂ ਬੋਲੀ ਦੀ ਮਹਿਮਾ ਦਾ ਗੁਣਗਾਨ ਕਰਦਿਆਂ ਸਭ ਨੂੰ ਮੰਤਰ-ਮੁਗਧ ਕਰ ਦਿੱਤਾ।

## ਅਮਿੱਟ ਯਾਦਾਂ ਛੱਡ ਗਿਆ ਸੇਂਟ ਜੇਵੀਅਰ ਸਕੂਲ ਪੱਕਾ ਕਲਾਂ ਦਾ ਚੌਥਾ ਵਿਰਾਸਤੀ ਮੇਲਾ।

### ਮਾਨਿਆ ਨੇ ਜਿੱਤਿਆ ਮਿਸ ਪੰਜਾਬਣ 2026 ਦਾ ਖਿਤਾਬ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ, 24 ਫ਼ਰਵਰੀ : ਪੱਕਾ ਕਲਾਂ ਰਿਫਾਇਨਰੀ ਰੋਡ ਤੇ ਪੈਂਦੇ ਸੇਂਟ ਜੇਵੀਅਰ ਸਕੂਲ ਵੱਲੋਂ ਚੌਥਾ ਵਿਰਾਸਤੀ ਮੇਲਾ ਕਰਵਾਇਆ ਗਿਆ। ਇਸ ਮੌਕੇ ਗੋਲਡਨ ਡੇਜ ਪਬਲਿਕ ਸਕੂਲ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਰਾਸਤੀ ਮੇਲੇ ਦਾ ਆਰੰਭ ਸਕੂਲ ਡਾਇਰੈਕਟਰ ਮਿਸਟਰ ਥਾਮਸ ਨੇ ਸਮਾਂ ਰੌਸ਼ਨ ਕਰਕੇ ਕੀਤਾ ਤੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਸਕੂਲ ਪ੍ਰਿੰਸੀਪਲ ਮਿਸਟਰ ਜੈਕਬ, ਕੈਂਪਸ ਇੰਚਾਰਜ ਜਗਵਿੰਦਰ ਸਿੰਘ, ਰਾਹੁਲ ਮਹਿਤਾ ਪ੍ਰਿੰਸੀਪਲ ਗੋਲਡਨ ਡੇਜ ਸਕੂਲ ਸਮੇਤ ਸੇਂਟ ਜੇਵੀਅਰ ਦੀ ਸਮੂਹ ਕੌਂਸਲ ਟੀਮ ਨੇ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸਵਾਗਤੀ ਗੀਤ




ਨਾਲ ਕੀਤੀ ਗਈ ਅਤੇ ਵਿਦਿਆਰਥੀਆਂ ਵੱਲੋਂ ਆਪਣੀ ਪੇਸ਼ਕਾਰੀ ਦੌਰਾਨ ਗਿੱਧਾ, ਭੰਗੜਾ, ਮਾਇਮ, ਨਾਟਕ, ਕਵਿਤਾ ਆਦਿ ਪੇਸ਼ ਕੀਤੇ ਗਏ। ਸਟੇਜ ਪ੍ਰੋਗਰਾਮ ਦੇ ਨਾਲ ਨਾਲ ਮਿਸਟਰ ਐਂਡ ਮਿਸ ਪੰਜਾਬਣ ਦੇ ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਮੁਕਾਬਲੇ ਵਿੱਚ ਪ੍ਰਤੀਯੋਗਤਾ ਨੇ ਪੰਜਾਬੀ ਪਹਿਰਾਵੇ ਦੌਰਾਨ ਹੁਨਰ ਪੇਸ਼ ਕੀਤਾ।ਇਸ ਮੁਕਾਬਲੇ ਵਿੱਚ ਬਠਿੰਡਾ ਸ਼ਹਿਰ ਦੀ ਛੋਟੀ ਬੱਚੀ ਮਾਨਿਆ ਨੇ ਮਿਸ ਪੰਜਾਬਣ ਦੀ ਟਰਾਫ਼ੀ ਤੇ ਨਗਦ ਇਨਾਮ ਜਿੱਤਿਆ । ਸਟੇਜ ਸਕੱਤਰ ਦੀ ਭੂਮਿਕਾ ਮੈਡਮ ਮਨੀਸ਼ਾ ਨੇ ਬਾਖੂਬ ਨਿਭਾਈ। ਸਕੂਲ ਪ੍ਰਿੰਸੀਪਲ ਮਿਸਟਰ ਜੈਕਬ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਹੋਰ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਡਾਇਰੈਕਟਰ ਮਿਸਟਰ ਥਾਮਸ ਨੇ ਸੰਗਤ ਮੰਡੀ ਅਤੇ ਰਾਮਾਂ ਮੰਡੀ ਇਲਾਕੇ ਦਾ ਪਹਿਲਾ Ai & Robotic ਸਕੂਲ ਦੀ ਸ਼ੁਰੂਆਤ ਕਰਨ ਦੀ ਨਵੇ ਸੈਸ਼ਨ ਤੋਂ ਹਰੀ ਝੰਡੀ ਦਿਤੀ । ਸਮੂਹ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਸ਼ੇਟ ਜੇਵੀਅਰਜ ਸਕੂਲ ਵਿਖੇ ਸੂਟਿੰਗ ਰੇਜ਼ ਅਕੈਡਮੀ ਦੀ ਰਿਬਨ ਕੱਟ ਕੇ ਸ਼ੁਰੂਆਤ ਕੀਤੀ । ਪ੍ਰੋਗਰਾਮ ਦੇ ਨਾਲ ਨਾਲ ਮੇਲੇ ਵਿੱਚ ਬਣਿਆ ਪੁਰਾਣਾ ਪੰਜਾਬ, ਵਿਰਾਸਤੀ ਸਮਾਨ ਖਿੱਚ ਦਾ ਕੇਂਦਰ ਰਿਹਾ। ਕੈਂਪਸ ਇੰਚਾਰਜ ਜਗਵਿੰਦਰ ਸਿੰਘ ਨੇ ਦੱਸਿਆ ਕਿ ਵਿਰਾਸਤੀ ਮੇਲੇ ਦਾ ਮਕਸਦ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜ ਕੇ ਰੱਖਣ ਤੇ ਜਾਣਕਾਰੀ ਦੇਣਾ ਹੈ। ਮਿਸਟਰ ਐਂਡ ਮਿਸ ਪੰਜਾਬਣ ਮੁਕਾਬਲੇ ਬੱਚਿਆਂ ਨੂੰ ਆਪਣੇ ਅਮੀਰ ਪੰਜਾਬੀ ਪਹਿਰਾਵੇ ਨਾਲ ਜੋੜਣ ਲਈ ਰੱਖਿਆ ਗਿਆ। ਇਸ ਮੁਕਾਬਲੇ ਦੀ ਜੱਜਮੈਂਟ ਬਿੱਗ ਬੱਡੀ ਫਿਲਮ ਦੇ ਡਾਇਰੈਕਟਰ ਲੱਕੀ ਸਿੰਘ ਅਤੇ ਪੰਜਾਬੀ ਗਾਇਕਾ ਮੈਂਡੀ ਮਸੌਣ ਵਲੋਂ ਕੀਤੀ ਗਈ । ਮੇਲੇ ਦੌਰਾਨ ਵਿਦਿਆਰਥੀਆਂ ਲਈ ਵੱਖ ਵੱਖ ਤਰ੍ਹਾਂ ਦੇ ਝੂਲੇ ਤੇ ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ। ਗੋਲਡਨ ਡੇਜ ਪਬਲਿਕ ਸਕੂਲ ਦੇ ਪ੍ਰਿੰਸੀਪਲ ਰਾਹੁਲ ਮਹਿਤਾ ਨੇ ਸ਼ਾਨਦਾਰ ਪ੍ਰੋਗਰਾਮ ਲਈ ਵਧਾਈ ਦਿੱਤੀ। ਸਕੂਲ ਦੇ ਇਸ ਵਿਰਾਸਤੀ ਮੇਲੇ ਦੇ ਠਾਠਾ ਮਾਰਦੇ ਇਕੱਠ ਨੂੰ ਵੇਖ ਕੇ ਸਕੂਲ ਡਾਇਰੈਕਟਰ ਮਿਸਟਰ ਥਾਮਸ ਨੇ ਅਗਾਂਹ ਤੋਂ ਵੀ ਇਲਾਕੇ ਦੇ ਸਹਿਯੋਗ ਨਾਲ ਇਸ ਤੋਂ ਵੀ ਵੱਡਾ ਮੇਲਾ ਕਰਵਾਉਣ ਲਈ ਕਿਹਾ।

## ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਮਾਤਭਾਸ਼ਾ ਦਿਵਸ ਦੇ ਅਵਸਰ ਤੇ ਲੋਕ ਜਗਾਵਾ

### ਅਵਤਾਰ ਸਿੰਘ , ਸੰਦੀਪ ਸਿੰਘ , ਚਰਨਜੀਤ ਮਾਂ ਬੋਲੀ ਜੇ ਭੁੱਲ ਜਾਓਗੇ, ਕੱਖਾਂ ਵਾਗੂੰ ਰੁਲ ਜਾਓਗੇ ,

ਵਰਲਡ ਪੰਜਾਬੀ ਟਾਈਮਜ਼ ਗੁਰਨਾਮ ਸਿੰਘ




ਸੰਗਰੂਰ 24 ਫਰਵਰੀ : ਇਹ ਗੂੰਜਾਰ ਕੌਮਾਂਤਰੀ ਮਾਂਤ ਭਾਸ਼ਾ ਦਿਵਸ ਦੇ ਅਵਸਰ ਤੇ ਪੰਜਾਬੀ ਸਾਹਿਤ ਸਭਾ ਸੰਗਰੂਰ ਦੀ ਅਗਵਾਈ ਹੇਠ ਲੇਖਕਾਂ ਬੁੱਧੀਜੀਵੀਆਂ ਵੱਲੋਂ ਪੰਜਾਬੀਆਂ ਨੂੰ ਮਾਂ ਬੋਲੀ ਲਈ ਜਾਗਰੂਕ ਕਰਨ ਦੀ ਖਾਤਰ ਸੰਗਰੂਰ ਦੇ ਵੱਡੇ ਚੌਕ ਤੋਂਪ੍ਰਬੰਧਕੀ ਕੰਪਲੈਕਸ ਤਕ ਹੱਥਾਂ ਵਿਚ ਮਾਟੋ ਫੜਕੇ ਕੀਤੇ ਲੋਕ ਜਗਾਵਾ ਮਾਰਚ ਦੌਰਾਨ ਉਭਰੀ। ਸਾਹਿਤਕਾਰਾਂ ਨੇ ਲੋਕਾਂ ਨੂੰ ਮਾਂ ਬੋਲੀ ਪ੍ਰਤਿ ਚੇਤੰਨ ਕੀਤਾ । ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਜਿਲਾ ਭਾਸ਼ਾ ਅਫਸਰ ਸੰਗਰੂਰ ਸ਼੍ਰੀਮਤੀ ਰਾਬੀਆ ਨੂੰ ਮੰਗ ਪੱਤਰ ਦਿੱਤਾ ।ਇਸ ਮੌਕੇ ਗੁਰਨਾਮ ਸਿੰਘ , ਡਾ. ਭਗਵੰਤ ਸਿੰਘ ,ਜਗਦੀਪ ਸਿੰਘ ਐਡਵੋਕੇਟ ਪਵਨ ਕੁਮਾਰ ਹੋਸੀ , ਜੋਰਾ ਸਿੰਘ ਮੰਡੇਰ , ਪਵਨ ਹਰਚੰਦਪੁਰੀ , ਨਿਹਾਲ ਸਿੰਘ ਮਾਨ ,ਜੰਗ ਸਿੰਘ ਫੱਟੜ ,ਅਮਰਜੀਤ ਸਿੰਘ ਅਮਨ ,ਤੇਜਾ ਸਿੰਘ , ਸੁਰਿੰਦਰ ਸ਼ਰਮਾ ਨਾਗਰਾ ,ਸਰਬਜੀਤ ਸੰਗਰੂਰਵੀ , ਏ. ਪੀ. ਸਿੰਘ , ਗੁਲਜ਼ਾਰ ਸਿੰਘ ਸ਼ੌਂਕੀ ,ਅਵਤਾਰ ਸਿੰਘ , ਸੰਦੀਪ ਸਿੰਘ , ਕੁਲਵੰਤ ਕਸਕ , ਸੁਰਿੰਦਰਪਾਲ ਸਿੰਘ ਸਿਦਕੀ , ਜੰਗ ਸਿਘ ਫੱਟੜ ਆਦਿ ਅਨੇਕਾਂ ਸਾਹਿਤਕਾਰਾਂ ਨੇ ਸੰਬੋਧਨ ਕੀਤਾ ।

## ਸੰਤ ਜਰਨੈਲ ਸਿੰਘ ਸਾਡੇ 'ਆਈਡਲ' ਨੇ – ਦੀਪ ਸਿੱਧੂ

ਵਰਲਡ ਪੰਜਾਬੀ ਟਾਈਮਜ਼ ਰਣਜੀਤ ਸਿੰਘ ਦਮਦਮੀ ਟਕਸਾਲ



ਕੌਮੀ ਯੋਧੇ ਸ. ਸੰਦੀਪ ਸਿੰਘ ਦੀਪ ਸਿੱਧੂ ਨਾਲ ਮੇਰੀ ਦੂਜੀ ਮੁਲਾਕਾਤ 4 ਜਨਵਰੀ 2021 ਨੂੰ ਦਿੱਲੀ ਕਿਸਾਨ ਮੋਰਚੇ 'ਚ ਸਿੰਘੂ ਬਾਰਡਰ 'ਤੇ ਹੋਈ। ਅਸੀਂ ਰਾਤ 7 ਕੁ ਵਜੇ ਉਸ ਦੇ ਪੜਾਅ 'ਤੇ ਜਾ ਕੇ ਉਸ ਨੂੰ ਮਿਲ਼ੇ, ਓਦੋਂ ਕਾਫ਼ੀ ਮੀਂਹ ਪੈ ਰਿਹਾ ਸੀ। 'ਦੀਪ ਸਿੱਧੂ' ਨਾਲ਼ ਕਿਸਾਨ ਸੰਘਰਸ਼ ਬਾਰੇ ਤਕਰੀਬਨ ਇੱਕ ਘੰਟਾ ਵਿਚਾਰਾਂ ਹੋਈਆਂ। ਉਸ ਦਾ ਸੁਭਾਅ ਅਤੇ ਬੋਲਾਂ ਦੀ ਤਾਸੀਰ ਹੀ ਕੁਝ ਵੱਖਰੀ ਸੀ। ਲਗਾਤਾਰ ਉਸ ਦੀ ਊਰਜਾ 'ਚ ਵਾਧਾ ਹੋਣਾ, ਮੋਰਚੇ 'ਤੇ ਡਟੇ ਰਹਿਣਾ, ਸਾਦਾਪਨ, ਨਿਰੋਏ ਅਤੇ ਚੜ੍ਹਦੀ ਕਲਾ ਵਾਲ਼ੇ ਵਿਚਾਰ ਇਹ ਦਰਸਾਉਂਦੇ ਸਨ ਕਿ ਉਸ ਦੇ ਅੰਦਰ ਪੰਜਾਬ ਲਈ ਦਰਦ, ਮਾਨਵੀ ਹਿੱਤਾਂ ਦੀ ਪਹਿਰੇਦਾਰੀ ਤੇ ਕਿਸਾਨੀ ਸੰਘਰਸ਼ ਦੇ ਨੁਕਤਿਆਂ ਦਾ ਭੰਡਾਰ ਸੀ। ਉਹ ਸਟੇਟ ਦੀਆਂ ਚਾਲਾਂ ਅਤੇ ਮੋਦੀ ਸਰਕਾਰ ਦੀ ਮੱਕਾਰੀ ਨੂੰ ਡੂੰਘਾਈ ਨਾਲ਼ ਸਮਝਦਾ ਸੀ। ਜੇਕਰ ਕਿਸਾਨ ਆਗੂ ਉਸ ਦੀਆਂ ਗੱਲਾਂ ਮੰਨ ਲੈਂਦੇ ਤਾਂ ਮੋਦੀ ਸਰਕਾਰ ਅਤੇ ਏਜੰਸੀਆਂ ਨੇ ਓਦੋਂ ਹੀ ਮੂਧੇ-ਮੂੰਹ ਡਿੱਗ ਪੈਣਾ ਸੀ। ਉਹ ਕਿਸਾਨ ਆਗੂਆਂ ਦੇ ਵਿਹਾਰ ਤੋਂ ਦੁਖੀ ਜਾਂ ਨਿਰਾਸ਼ ਨਹੀਂ ਬਲਕਿ ਚਿੰਤਤ ਸੀ ਤੇ ਇਹਨਾਂ ਦੂਰੀਆਂ ਨੂੰ ਦੂਰ ਕਰਨ ਲਈ ਬੇ-ਸਬਰਾ ਸੀ। ਉਸ ਦੀ ਦੂਰ-ਅੰਦੇਸ਼ੀ ਸੋਚ ਨੇ ਸਾਨੂੰ ਵੀ ਕਾਇਲ ਕਰ ਲਿਆ ਸੀ। ਫਿਰ ਜਦ ਵਿਦਾ ਹੋਣ ਤੋਂ ਪਹਿਲਾਂ 'ਦੀਪ ਸਿੱਧੂ' ਨੂੰ ਮੈਂ ਆਪਣੀ ਕਿਤਾਬ 'ਤਵਾਰੀਖ ਸ਼ਹੀਦ-ਏ-ਖ਼ਾਲਿਸਤਾਨ' ਭੇਟ ਕੀਤੀ ਤਾਂ ਉਸ ਨੇ ਕਿਤਾਬ ਨੂੰ ਬੜੀ ਗਹੁ ਨਾਲ ਵੇਖਿਆ ਤੇ ਕਿਹਾ ਕਿ "ਬਾਈ! ਇਹਨਾਂ ਜਰਨੈਲਾਂ ਦੇ ਸਦਕੇ ਈ ਤਾਂ ਅਸੀਂ ਜਿਊਂਨੇ ਆਂ, ਇਹ ਸਾਡਾ ਸੁਨਹਿਰੀ ਇਤਿਹਾਸ ਆ, ਸੰਤ ਜਰਨੈਲ ਸਿੰਘ ਸਾਡੇ ਆਈਡਲ ਆ, ਮਹਾਨ ਸ਼ਹੀਦ ਆ ਜੋ ਸਾਡੀਆਂ ਜ਼ਮੀਰਾਂ ਜਗਾ ਗਏ।" ਫਿਰ ਮੈਂ ਕਿਹਾ ਕਿ "ਜੇ ਤੁਹਾਨੂੰ ਕੋਈ ਪ੍ਰੋਬਲਮ ਜਾਂ ਇਤਰਾਜ਼ ਨਾ ਹੋਵੇ ਤਾਂ ਆਪਾਂ ਕਿਤਾਬ ਨਾਲ਼ ਇੱਕ ਯਾਦਗਾਰੀ ਫੋਟੋ ਕਰਵਾ'ਲੀਏ।" ਤਾਂ ਦੀਪ ਕਹਿੰਦਾ "ਲੈ ਬਾਈ! ਇਤਰਾਜ਼ ਕਾਹਦਾ ਹੋਣਾ, ਆਓ ਕਰਾਈਏ ਫ਼ੋਟੋ, ਸੰਤਾਂ ਦੀ ਕਿਤਾਬ ਆ, ਆਪਾਂ ਨੂੰ ਕਾਹਦਾ ਇਤਰਾਜ਼!" ਮੈਂ ਕਿਹਾ "ਖਾਲਿਸਤਾਨ ਸ਼ਬਦ ਲਿਖਿਆ, ਮੀਡੀਆ ਚੀਕ-ਚਿਹਾੜਾ ਪਾਊ, ਤੁਹਾਡੇ ਤਾਂ ਅੱਗੇ ਦੁਆਲੇ ਹੋਏ ਰਹਿੰਦੇ ਆ, ਐਵੇਂ ਸਾਡੇ ਕਰਕੇ ਤੁਹਾਡੇ ਕਰੀਅਰ 'ਤੇ ਕੋਈ ਆਂਚ ਨਾ ਆਵੇ।" ਤਾਂ ਅੱਗੋਂ ਦੀਪ ਕਹਿੰਦਾ "ਬਾਈ! ਫ਼ਿਕਰ ਨਾ ਕਰੋ, ਮੈਂ ਵੀ ਥੋੜੇ ਵਾਂਗ ਖਾਲਿਸਤਾਨੀ ਆਂ, ਜੇ ਨੱਚਣ ਹੀ ਲਗ'ਪੇ ਤਾਂ ਹੁਣ ਘੁੰਡ ਕਾਹਤੋਂ ਕੱਢਣਾ, ਸਰਕਾਰ ਕਰ'ਲੇ ਜੋ ਕਰਨੈ।" ਫਿਰ ਅਸੀਂ 'ਦੀਪ ਸਿੱਧੂ' ਨੂੰ ਕਿਤਾਬ ਭੇਟ ਕਰਦਿਆਂ ਤਸਵੀਰਾਂ ਕਰਾਈਆਂ ਤੇ ਫੇਸਬੁੱਕ 'ਤੇ ਪੋਸਟ ਕਰ ਦਿੱਤੀਆਂ। ਜਿਸ ਨੂੰ ਕੁਝ ਦਿਨਾਂ ਮਗਰੋਂ 'ਦੈਨਿਕ ਭਾਸਕਰ' ਅਖਬਾਰ ਅਤੇ ਹਿੰਦੂ ਮੀਡੀਆ ਨੇ ਵੈੱਬਸਾਈਟਾਂ 'ਤੇ ਪਾ ਕੇ 'ਦੀਪ ਸਿੱਧੂ' 'ਤੇ ਨਿਸ਼ਾਨੇ ਸਾਧਣੇ ਸ਼ੁਰੂ ਕਰ ਦਿੱਤੇ। ਉਸ ਨੂੰ ਅੱਤਵਾਦੀ, ਵੱਖਵਾਦੀ ਤੇ ਖ਼ਾਲਿਸਤਾਨੀ ਐਕਟਰ ਕਹਿ ਕੇ ਰੌਲ਼ਾ ਪਾਇਆ ਅਤੇ ਉਸ ਦੇ ਤੇ ਮੇਰੇ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ।

## ਸਿਮਰਨ ਤੇ ਇੱਕ ਲੇਖ:

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ

ਸਿਮਰਨ ਸ਼ਬਦ ਦਾ ਅਰਥ ਹੈ ਕਿਸੇ ਵਿਸ਼ੇਸ਼ ਵਿਅਕਤੀ, ਘਟਨਾ ਜਾਂ ਵਿਚਾਰ ਨੂੰ ਯਾਦ ਕਰਨਾ ਜਾਂ ਉਸ ਬਾਰੇ ਵਿਚਾਰ ਕਰਨਾ। ਸਿਮਰਨ ਦੀ ਪ੍ਰਕਿਰਿਆ ਵਿੱਚ ਸਾਨੂੰ ਆਪਣੇ ਮਨ ਵਿੱਚ ਉਸ ਵਿਸ਼ੇਸ਼ ਵਿਅਕਤੀ, ਘਟਨਾ ਜਾਂ ਵਿਚਾਰ ਦੀ ਯਾਦ ਲਿਆਉਣੀ ਹੁੰਦੀ ਹੈ ਅਤੇ ਉਸ ਬਾਰੇ ਵਿਚਾਰ ਕਰਨੀ ਹੁੰਦੀ ਹੈ।

ਸਿਮਰਨ ਦੇ ਕਈ ਲਾਭ ਹੁੰਦੇ ਹਨ। ਸਿਮਰਨ ਸਾਨੂੰ ਆਪਣੇ ਅਤੀਤ ਨਾਲ ਜੋੜਦਾ ਹੈ ਅਤੇ ਸਾਨੂੰ ਆਪਣੀਆਂ ਜੜ੍ਹਾਂ ਨੂੰ ਯਾਦ ਕਰਨ ਵਿੱਚ ਮਦਦ ਕਰਦਾ ਹੈ। ਸਿਮਰਨ ਸਾਨੂੰ ਆਪਣੇ ਪੂਰਵਜਾਂ ਦੀਆਂ ਸਾਧਾਰਨ ਕਹਾਣੀਆਂ ਅਤੇ ਉਹਨਾਂ ਦੀਆਂ ਪ੍ਰਾਪਤੀਆਂ ਨੂੰ ਯਾਦ ਕਰਨ ਵਿੱਚ ਮਦਦ ਕਰਦਾ ਹੈ। ਸਿਮਰਨ ਸਾਨੂੰ ਆਪਣੇ ਆਪ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਸਾਨੂੰ ਆਪਣੀਆਂ ਗਲਤੀਆਂ ਤੋਂ ਸਿੱਖਣ ਵਿੱਚ ਮਦਦ ਕਰਦਾ ਹੈ।

ਸਿਮਰਨ ਦੀ ਪ੍ਰਕਿਰਿਆ ਵਿੱਚ ਸਾਨੂੰ ਕਈ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਕਰਨੀ ਪੈ ਸਕਦੀ ਹੈ। ਸਾਨੂੰ ਫੋਟੋਆਂ, ਵੀਡੀਓਜ਼, ਲੇਖ, ਕਿਤਾਬਾਂ ਅਤੇ ਹੋਰ ਸਮੱਗਰੀ ਦੀ ਵਰਤੋਂ ਕਰਕੇ ਸਿਮਰਨ ਕਰ ਸਕਦੇ ਹਾਂ। ਸਾਨੂੰ ਸਿਮਰਨ ਲਈ ਇੱਕ ਵਿਸ਼ੇਸ਼ ਥਾਂ ਚੁਣਨੀ ਪੈ ਸਕਦੀ ਹੈ ਜਿਵੇਂ ਕਿ ਇੱਕ ਮੰਦਰ, ਗੁਰਦੁਆਰਾ ਜਾਂ ਕੋਈ ਹੋਰ ਧਾਰਮਿਕ ਸਥਾਨ।

ਸਿਮਰਨ ਇੱਕ ਅਜਿਹੀ ਪ੍ਰਕਿਰਿਆ ਹੈ ਜੋ ਸਾਨੂੰ ਆਪਣੇ ਆਪ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਹੈ ਅਤੇ ਸਾਨੂੰ ਆਪਣੀਆਂ ਜੜ੍ਹਾਂ ਨੂੰ ਯਾਦ ਕਰਨ ਵਿੱਚ ਮਦਦ ਕਰਦੀ ਹੈ। ਸਿਮਰਨ ਦੀ ਪ੍ਰਕਿਰਿਆ ਵਿੱਚ ਸਾਨੂੰ ਕਈ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਕਰਨੀ ਪੈ ਸਕਦੀ ਹੈ ਅਤੇ ਸਾਨੂੰ ਸਿਮਰਨ ਲਈ ਇੱਕ ਵਿਸ਼ੇਸ਼ ਥਾਂ ਚੁਣਨੀ ਪੈ ਸਕਦੀ ਹੈ।

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼ ਮਹਿੰਦਰ ਸਿੰਘ ਮਾਨ

ਅੰਕਸ਼ ਲਗਾਵੇ ਨਾ ਜੋ ਆਪਣੀ ਜ਼ੁਬਾਨ ਉੱਤੇ,
ਇੱਜ਼ਤ ਨਾ ਬਹੁਤੀ ਉਸ ਨੂੰ ਮਿਲਦੀ ਜਹਾਨ ਉੱਤੇ।

ਫਿਰ ਨਾ ਦੁਬਾਰਾ ਉਹ ਆਵੇ ਸੌਦਾ ਲੈਣ ਉੱਥੋਂ,
ਇਕ ਵਾਰ ਆ ਗਿਆ ਜੋ ਉਸ ਦੀ ਦੁਕਾਨ ਉੱਤੇ।

ਉਹ ਹੁਕਮਰਾਨ ਲਹਿ ਜਾਵੇ ਉਹਨਾਂ ਦੇ ਦਿਲਾਂ ਤੋਂ,
ਜਿਸ ਨੇ ਵੀ ਜ਼ੁਲਮ ਕੀਤਾ ਕਿਰਤੀ, ਕਿਸਾਨ ਉੱਤੇ।

ਮਿਲ ਜਾਣਾ ਹੈ ਉਸ ਨੇ ਇਕ ਦਿਨ ਇੱਥੇ ਮਿੱਟੀ ਦੇ ਵਿੱਚ,
ਆਇਆ ਹੈ ਦੋਸਤੋ, ਜੋ ਵੀ ਇਸ ਜਹਾਨ ਉੱਤੇ।

ਦਿੱਤੇ ਨੇ ਸਭ ਨੇ ਸਾਨੂੰ ਧੋਖੇ ਹੀ ਜ਼ਿੰਦਗੀ ਵਿੱਚ,
ਕਿਸ ਦਾ ਅਸੀਂ ਨਾਂ ਲਿਖੀਏ ਦਿਲ ਦੀ ਕਿਤਾਬ ਉੱਤੇ।

ਉਹਨਾਂ ਦਾ ਕੀ ਬਣੂੰ ਜਿਹੜੇ ਝੂਠ ਬੋਲਦੇ ਨੇ,
ਰੱਖ ਕੇ ਹੱਥ ਪਵਿੱਤਰ ਗੀਤਾ, ਕੁਰਾਨ ਉੱਤੇ।

ਭਾਵੇਂ ਮਿਲੇ ਦੋ ਵੇਲੇ ਦੀ ਰੋਟੀ ਔਖੇ ਹੋ ਕੇ,
ਸਾਨੂੰ ਹੈ ਮਾਣ ਫਿਰ ਵੀ ਭਾਰਤ ਮਹਾਨ ਉੱਤੇ।